# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times 18 ਜੂਨ 2026 ਦਿਨ ਵੀਰਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## " ਦੋਹਿਤਾ ਬਾਣੀ ਕਾ ਬੋਹਿਥਾ"ਵਰ ਪ੍ਰਾਪਤ ਸੀ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ।


ਵਰਲਡ ਪੰਜਾਬੀ ਟਾਈਮਜ਼
ਡਾ ਜਸਵੀਰ ਸਿੰਘ ਗਰੇਵਾਲ




ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਅਤੇ ਪਹਿਲੇ ਸ਼ਹੀਦ ਸਿੱਖ ਗੁਰੂ ਸਨ। ਉਨ੍ਹਾਂ ਦਾ ਜਨਮ 15 ਅਪ੍ਰੈਲ 1563 ਨੂੰ ਗੋਇੰਦਵਾਲ ਵਿਖੇ, ਸ੍ਰੀ ਗੁਰੂ ਰਾਮਦਾਸ ਜੀ ਅਤੇ ਮਾਤਾ ਭਾਨੀ ਜੀ ਦੇ ਘਰ ਹੋਇਆ। ਆਪ ਜੀ ਨੂੰ ਬਾਣੀ ਦੇ ਅਥਾਹ ਗਿਆਨ ਕਾਰਨ ਸ੍ਰੀ ਗੁਰੂ ਅਮਰਦਾਸ ਜੀ ਵੱਲੋਂ "ਦੋਹਿਤਾ ਬਾਣੀ ਕਾ ਬੋਹਿਥਾ" ਦਾ ਵਰਦਾਨ ਪ੍ਰਾਪਤ ਸੀ।ਗੁਰੂ ਅਰਜਨ ਦੇਵ ਜੀ ਦਾ ਜੀਵਨ, ਸਿੱਖ ਧਰਮ ਦੇ ਇਤਿਹਾਸ ਵਿੱਚ ਬਹੁਤ ਸਾਰੇ ਅਹਿਮ ਕਾਰਜਾਂ ਅਤੇ ਕੁਰਬਾਨੀਆਂ ਲਈ ਜਾਣਿਆ ਜਾਂਦਾ ਹੈ:ਮੁੱਖ ਕਾਰਜ ਅਤੇ ਉਪਲਬਧੀਆਂਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ: ਆਪ ਜੀ ਨੇ 1589 ਵਿੱਚ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ (ਦਰਬਾਰ ਸਾਹਿਬ) ਦੀ ਨੀਂਹ ਰੱਖੀ। ਇਸਦੇ ਚਾਰੇ ਦਰਵਾਜ਼ੇ ਸਾਰੇ ਧਰਮਾਂ ਅਤੇ ਜਾਤਾਂ ਦੇ ਲੋਕਾਂ ਲਈ ਖੁੱਲ੍ਹੇ ਰੱਖੇ ਗਏ, ਜੋ ਕਿ ਧਾਰਮਿਕ ਬਰਾਬਰੀ ਦਾ ਪ੍ਰਤੀਕ ਹੈ।ਆਦਿ ਗ੍ਰੰਥ ਦੀ ਸੰਪਾਦਨਾ: ਸਿੱਖਾਂ ਦੇ ਪਹਿਲੇ ਅਧਿਕਾਰਤ ਧਾਰਮਿਕ ਗ੍ਰੰਥ, 'ਆਦਿ ਗ੍ਰੰਥ' (ਜਿਸਨੂੰ ਬਾਅਦ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਜਾ ਮਿਲਿਆ) ਨੂੰ ਸੰਕਲਿਤ ਕਰਨ ਦਾ ਮਹਾਨ ਕਾਰਜ ਗੁਰੂ ਜੀ ਨੇ ਹੀ ਕੀਤਾ। ਇਸ ਵਿੱਚ ਪੰਜ ਗੁਰੂ ਸਾਹਿਬਾਨ ਦੇ ਨਾਲ-ਨਾਲ ਹਿੰਦੂ ਅਤੇ ਮੁਸਲਿਮ ਭਗਤਾਂ, ਸੂਫ਼ੀਆਂ ਅਤੇ ਭੱਟਾਂ ਦੀ ਬਾਣੀ ਦਰਜ ਕੀਤੀ ਗਈ ਹੈ।ਸ਼ਹਿਰਾਂ ਦੀ ਸਥਾਪਨਾ: ਆਪ ਜੀ ਨੇ ਤਰਨਤਾਰਨ, ਕਰਤਾਰਪੁਰ (ਜਲੰਧਰ) ਅਤੇ ਸ੍ਰੀ ਹਰਗੋਬਿੰਦਪੁਰ ਵਰਗੇ ਨਵੇਂ ਸ਼ਹਿਰ ਵਸਾਏ।ਸਮਾਜਿਕ ਭਲਾਈ: 1597 ਵਿੱਚ ਲਾਹੌਰ ਅਤੇ ਪੰਜਾਬ ਦੇ ਹੋਰ ਹਿੱਸਿਆਂ ਵਿੱਚ ਫੈਲੇ ਭਿਆਨਕ ਕਾਲ ਦੌਰਾਨ, ਗੁਰੂ ਜੀ ਨੇ ਆਪ ਉੱਥੇ ਜਾ ਕੇ ਪੀੜਤਾਂ ਦੀ ਲੰਗਰ ਅਤੇ ਸੇਵਾ ਰਾਹੀਂ ਭਾਰੀ ਮਦਦ ਕੀਤੀ।ਬਾਣੀ ਅਤੇ ਸਾਹਿਤਕ ਯੋਗਦਾਨਗੁਰੂ ਅਰਜਨ ਦੇਵ ਜੀ ਮਹਾਨ ਕਵੀ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਭ ਤੋਂ ਵੱਧ ਬਾਣੀ ਆਪ ਜੀ ਦੀ ਹੀ ਦਰਜ ਹੈ।ਸੁਖਮਨੀ ਸਾਹਿਬ: ਆਪ ਜੀ ਦੀ ਸਭ ਤੋਂ ਪ੍ਰਸਿੱਧ ਬਾਣੀ 'ਸੁਖਮਨੀ ਸਾਹਿਬ' ਹੈ, ਜੋ ਮਨ ਨੂੰ ਅੰਦਰੂਨੀ ਸ਼ਾਂਤੀ ਅਤੇ ਖੁਸ਼ੀ ਪ੍ਰਦਾਨ ਕਰਦੀ ਹੈ।ਬਾਰਹਮਾਹ ਅਤੇ ਬਾਵਨ ਅੱਖਰੀ: ਆਪ ਜੀ ਦੀਆਂ ਪ੍ਰਮੁੱਖ ਰਚਨਾਵਾਂ ਹਨ।ਮਹਾਨ ਸ਼ਹਾਦਤਮੁਗਲ ਬਾਦਸ਼ਾਹ ਜਹਾਂਗੀਰ ਗੁਰੂ ਸਾਹਿਬ ਦੇ ਵਧਦੇ ਪ੍ਰਭਾਵ ਅਤੇ ਸਿੱਖੀ ਦੇ ਪ੍ਰਚਾਰ ਤੋਂ ਈਰਖਾ ਕਰਦਾ ਸੀ। ਉਸਨੇ 1606 ਈਸਵੀ ਵਿੱਚ ਗੁਰੂ ਜੀ ਨੂੰ ਕਈ ਤਸੀਹੇ ਦੇ ਕੇ ਲਾਹੌਰ ਵਿਖੇ ਸ਼ਹੀਦ ਕਰਵਾ ਦਿੱਤਾ। ਆਪ ਜੀ ਦੀ ਲਾਸਾਨੀ ਸ਼ਹਾਦਤ ਨੇ ਸਿੱਖ ਇਤਿਹਾਸ ਵਿੱਚ ਇੱਕ ਨਵਾਂ ਮੋੜ ਲਿਆਂਦਾ। ਆਪ ਜੀ ਨੂੰ "ਸ਼ਹੀਦਾਂ ਦੇ ਸਰਤਾਜ" ਵਜੋਂ ਯਾਦ ਕੀਤਾ ਜਾਂਦਾ ਹੈ।

ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਅਤੇ ਮਹਾਨ ਕਵੀ ਸਨ। ਉਨ੍ਹਾਂ ਦੀ ਸਭ ਤੋਂ ਵੱਡੀ ਦੇਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ (੧੬੦੪ ਈ:) ਹੈ. ਇਸ ਵਿੱਚ ਆਪ ਜੀ ਦੇ ਕੁੱਲ ੨੩੧੨ ਸ਼ਬਦ ਦਰਜ ਹਨ।ਉਨ੍ਹਾਂ ਦੀਆਂ ਪ੍ਰਮੁੱਖ ਅਤੇ ਮੌਲਿਕ ਰਚਨਾਵਾਂ ਹੇਠ ਲਿਖੇ ਅਨੁਸਾਰ ਹਨ :ਸੁਖਮਨੀ ਸਾਹਿਬ: ਇਹ ਆਪ ਜੀ ਦੀ ਸਭ ਤੋਂ ਪ੍ਰਸਿੱਧ ਬਾਣੀ ਹੈ, ਜਿਸ ਵਿੱਚ ੨੪ ਅਸ਼ਟਪਦੀਆਂ ਹਨ । ਇਹ ਮਨ ਨੂੰ ਸ਼ਾਂਤੀ ਅਤੇ ਆਤਮਿਕ ਆਨੰਦ ਦੇਣ ਵਾਲੀ ਬਾਣੀ ਹੈ।ਬਾਰਹਮਾਹ: ਇਸ ਵਿੱਚ ਸਾਲ ਦੇ ਬਾਰਾਂ ਮਹੀਨਿਆਂ ਦੇ ਮੌਸਮ ਦੇ ਹਵਾਲੇ ਨਾਲ ਪ੍ਰਮਾਤਮਾ ਦੇ ਮਿਲਾਪ ਅਤੇ ਵਿਛੋੜੇ ਦੀ ਅਵਸਥਾ ਦਾ ਵਰਣਨ ਕੀਤਾ ਗਿਆ ਹੈ।ਬਾਵਨ ਅੱਖਰੀ: ਇਸ ਵਿੱਚ ੫੨ ਅੱਖਰਾਂ (ਵਰਣਮਾਲਾ) ਨੂੰ ਆਧਾਰ ਬਣਾ ਕੇ ਅਧਿਆਤਮਕ ਅਤੇ ਦਾਰਸ਼ਨਿਕ ਵਿਚਾਰ ਪੇਸ਼ ਕੀਤੇ ਗਏ ਹਨ।ਫੁਨਹੇ: ਇਹ ਪ੍ਰਸ਼ਨ-ਉੱਤਰ ਅਤੇ ਸਿੱਖਿਆਦਾਇਕ ਸ਼ੈਲੀ ਵਿੱਚ ਰਚੇ ਗਏ ਸੁੰਦਰ ਛੰਦ ਹਨ।ਮਾਰੂ ਡਖਣੇ: ਮਾਰੂ ਰਾਗ ਵਿੱਚ ਉਚਾਰੇ ਗਏ ਇਹ ਡਖਣੇ (ਦੱਖਣੀ ਪੰਜਾਬੀ ਸ਼ੈਲੀ) ਪ੍ਰਭੂ ਭਗਤੀ ਨਾਲ ਭਰਪੂਰ ਹਨ।ਛੇ ਵਾਰਾਂ: ਆਪ ਜੀ ਨੇ ਵੱਖ-ਵੱਖ ਰਾਗਾਂ ਵਿੱਚ ਛੇ ਵਾਰਾਂ ਦੀ ਰਚਨਾ ਕੀਤੀ (ਗਉੜੀ, ਗੁਜਰੀ, ਜੈਤਸਰੀ, ਰਾਮਕਲੀ, ਮਾਰੂ, ਅਤੇ ਬਸੰਤ)।ਇਨ੍ਹਾਂ ਤੋਂ ਇਲਾਵਾ ਆਪ ਜੀ ਨੇ ੩੦ ਵੱਖ-ਵੱਖ ਰਾਗਾਂ ਵਿੱਚ ਵਿਸ਼ਾਲ ਬਾਣੀ ਰਚੀ, ਜਿਸ ਵਿੱਚ ਸਹਸਕ੍ਰਿਤੀ ਸ਼ਲੋਕ ਅਤੇ ਗਾਥਾ ਆਦਿ ਵੀ ਸ਼ਾਮਲ ਹਨ। ਗੁਰੂ ਸਾਹਿਬ ਦੀ ਸਮੁੱਚੀ ਬਾਣੀ ਮਨੁੱਖਤਾ ਨੂੰ ਨੈਤਿਕਤਾ, ਪ੍ਰੇਮ, ਅਤੇ ਈਸ਼ਵਰ ਦੀ ਭਗਤੀ ਦਾ ਮਾਰਗ ਦਿਖਾਉਂਦੀ ਹੈ।


ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਅਤੇ ਪਹਿਲੇ ਸ਼ਹੀਦ ਸਿੱਖ ਗੁਰੂ ਸਨ। ਉਨ੍ਹਾਂ ਦਾ ਜਨਮ 15 ਅਪ੍ਰੈਲ 1563 ਨੂੰ ਗੋਇੰਦਵਾਲ ਵਿਖੇ, ਸ੍ਰੀ ਗੁਰੂ ਰਾਮਦਾਸ ਜੀ ਅਤੇ ਮਾਤਾ ਭਾਨੀ ਜੀ ਦੇ ਘਰ ਹੋਇਆ। ਆਪ ਜੀ ਨੂੰ ਬਾਣੀ ਦੇ ਅਥਾਹ ਗਿਆਨ ਕਾਰਨ ਸ੍ਰੀ ਗੁਰੂ ਅਮਰਦਾਸ ਜੀ ਵੱਲੋਂ "ਦੋਹਿਤਾ ਬਾਣੀ ਕਾ ਬੋਹਿਥਾ" ਦਾ ਵਰਦਾਨ ਪ੍ਰਾਪਤ ਸੀ।ਗੁਰੂ ਅਰਜਨ ਦੇਵ ਜੀ ਦਾ ਜੀਵਨ, ਸਿੱਖ ਧਰਮ ਦੇ ਇਤਿਹਾਸ ਵਿੱਚ ਬਹੁਤ ਸਾਰੇ ਅਹਿਮ ਕਾਰਜਾਂ ਅਤੇ ਕੁਰਬਾਨੀਆਂ ਲਈ ਜਾਣਿਆ ਜਾਂਦਾ ਹੈ:ਮੁੱਖ ਕਾਰਜ ਅਤੇ ਉਪਲਬਧੀਆਂਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ: ਆਪ ਜੀ ਨੇ 1589 ਵਿੱਚ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ (ਦਰਬਾਰ ਸਾਹਿਬ) ਦੀ ਨੀਂਹ ਰੱਖੀ। ਇਸਦੇ ਚਾਰੇ ਦਰਵਾਜ਼ੇ ਸਾਰੇ ਧਰਮਾਂ ਅਤੇ ਜਾਤਾਂ ਦੇ ਲੋਕਾਂ ਲਈ ਖੁੱਲ੍ਹੇ ਰੱਖੇ ਗਏ, ਜੋ ਕਿ ਧਾਰਮਿਕ ਬਰਾਬਰੀ ਦਾ ਪ੍ਰਤੀਕ ਹੈ।ਆਦਿ ਗ੍ਰੰਥ ਦੀ ਸੰਪਾਦਨਾ: ਸਿੱਖਾਂ ਦੇ ਪਹਿਲੇ ਅਧਿਕਾਰਤ ਧਾਰਮਿਕ ਗ੍ਰੰਥ, 'ਆਦਿ ਗ੍ਰੰਥ' (ਜਿਸਨੂੰ ਬਾਅਦ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਦਰਜਾ ਮਿਲਿਆ) ਨੂੰ ਸੰਕਲਿਤ ਕਰਨ ਦਾ ਮਹਾਨ ਕਾਰਜ ਗੁਰੂ ਜੀ ਨੇ ਹੀ ਕੀਤਾ। ਇਸ ਵਿੱਚ ਪੰਜ ਗੁਰੂ ਸਾਹਿਬਾਨ ਦੇ ਨਾਲ-ਨਾਲ ਹਿੰਦੂ ਅਤੇ ਮੁਸਲਿਮ ਭਗਤਾਂ, ਸੂਫ਼ੀਆਂ ਅਤੇ ਭੱਟਾਂ ਦੀ ਬਾਣੀ ਦਰਜ ਕੀਤੀ ਗਈ ਹੈ।ਸ਼ਹਿਰਾਂ ਦੀ ਸਥਾਪਨਾ: ਆਪ ਜੀ ਨੇ ਤਰਨਤਾਰਨ, ਕਰਤਾਰਪੁਰ (ਜਲੰਧਰ) ਅਤੇ ਸ੍ਰੀ ਹਰਗੋਬਿੰਦਪੁਰ ਵਰਗੇ ਨਵੇਂ ਸ਼ਹਿਰ ਵਸਾਏ।ਸਮਾਜਿਕ ਭਲਾਈ: 1597 ਵਿੱਚ ਲਾਹੌਰ ਅਤੇ ਪੰਜਾਬ ਦੇ ਹੋਰ ਹਿੱਸਿਆਂ ਵਿੱਚ ਫੈਲੇ ਭਿਆਨਕ ਕਾਲ ਦੌਰਾਨ, ਗੁਰੂ ਜੀ ਨੇ ਆਪ ਉੱਥੇ ਜਾ ਕੇ ਪੀੜਤਾਂ ਦੀ ਲੰਗਰ ਅਤੇ ਸੇਵਾ ਰਾਹੀਂ ਭਾਰੀ ਮਦਦ ਕੀਤੀ।ਬਾਣੀ ਅਤੇ ਸਾਹਿਤਕ ਯੋਗਦਾਨਗੁਰੂ ਅਰਜਨ ਦੇਵ ਜੀ ਮਹਾਨ ਕਵੀ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਭ ਤੋਂ ਵੱਧ ਬਾਣੀ ਆਪ ਜੀ ਦੀ ਹੀ ਦਰਜ ਹੈ।ਸੁਖਮਨੀ ਸਾਹਿਬ: ਆਪ ਜੀ ਦੀ ਸਭ ਤੋਂ ਪ੍ਰਸਿੱਧ ਬਾਣੀ 'ਸੁਖਮਨੀ ਸਾਹਿਬ' ਹੈ, ਜੋ ਮਨ ਨੂੰ ਅੰਦਰੂਨੀ ਸ਼ਾਂਤੀ ਅਤੇ ਖੁਸ਼ੀ ਪ੍ਰਦਾਨ ਕਰਦੀ ਹੈ।ਬਾਰਹਮਾਹ ਅਤੇ ਬਾਵਨ ਅੱਖਰੀ: ਆਪ ਜੀ ਦੀਆਂ ਪ੍ਰਮੁੱਖ ਰਚਨਾਵਾਂ ਹਨ।ਮਹਾਨ ਸ਼ਹਾਦਤਮੁਗਲ ਬਾਦਸ਼ਾਹ ਜਹਾਂਗੀਰ ਗੁਰੂ ਸਾਹਿਬ ਦੇ ਵਧਦੇ ਪ੍ਰਭਾਵ ਅਤੇ ਸਿੱਖੀ ਦੇ ਪ੍ਰਚਾਰ ਤੋਂ ਈਰਖਾ ਕਰਦਾ ਸੀ। ਉਸਨੇ 1606 ਈਸਵੀ ਵਿੱਚ ਗੁਰੂ ਜੀ ਨੂੰ ਕਈ ਤਸੀਹੇ ਦੇ ਕੇ ਲਾਹੌਰ ਵਿਖੇ ਸ਼ਹੀਦ ਕਰਵਾ ਦਿੱਤਾ। ਆਪ ਜੀ ਦੀ ਲਾਸਾਨੀ ਸ਼ਹਾਦਤ ਨੇ ਸਿੱਖ ਇਤਿਹਾਸ ਵਿੱਚ ਇੱਕ ਨਵਾਂ ਮੋੜ ਲਿਆਂਦਾ। ਆਪ ਜੀ ਨੂੰ "ਸ਼ਹੀਦਾਂ ਦੇ ਸਰਤਾਜ" ਵਜੋਂ ਯਾਦ ਕੀਤਾ ਜਾਂਦਾ ਹੈ।


ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪੰਜਵੇਂ ਗੁਰੂ ਅਤੇ ਮਹਾਨ ਕਵੀ ਸਨ। ਉਨ੍ਹਾਂ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਦੀ ਸੰਪਾਦਨਾ ਕੀਤੀ ਸੀ । ਆਪ ਜੀ ਦੀ ਬਾਣੀ ਅਧਿਆਤਮਕ, ਦਾਰਸ਼ਨਿਕ ਅਤੇ ਸੰਗੀਤਕ ਪੱਖ ਤੋਂ ਬੇਮਿਸਾਲ ਹੈ।ਆਪ ਜੀ ਦੀਆਂ ਮੁੱਖ ਰਚਨਾਵਾਂ ਅਤੇ ਬਾਣੀ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ

: ਸੁਖਮਨੀ ਸਾਹਿਬ: ਇਹ ਆਪ ਜੀ ਦੀ ਸਭ ਤੋਂ ਪ੍ਰਸਿੱਧ ਬਾਣੀ ਹੈ, ਜੋ ਗਉੜੀ ਰਾਗ ਵਿੱਚ ਦਰਜ ਹੈ। ਇਸ ਵਿੱਚ ੨੪ ਅਸ਼ਟਪਦੀਆਂ ਹਨ ਅਤੇ ਇਹ ਮਨ ਨੂੰ ਸ਼ਾਂਤੀ ਦੇਣ ਵਾਲੀ ਬਾਣੀ ਹੈ।

ਬਾਰਹਮਾਂਹ : ਇਹ ਮਾਝ ਰਾਗ ਵਿੱਚ ਰਚਿਤ ਹੈ, ਜਿਸ ਵਿੱਚ ਬਾਰਾਂ ਮਹੀਨਿਆਂ ਦੇ ਮੌਸਮ ਦੇ ਹਵਾਲੇ ਨਾਲ ਪ੍ਰਮਾਤਮਾ ਤੋਂ ਵਿਛੜ ਕੇ ਮਿਲਣ ਦੀ ਤਾਂਘ ਨੂੰ ਬਿਆਨ ਕੀਤਾ ਗਿਆ ਹੈ।

ਬਾਵਨ ਅੱਖਰੀ: ਇਹ ਬਾਣੀ ਗਉੜੀ ਰਾਗ ਵਿੱਚ ਹੈ, ਜਿਸ ਵਿੱਚ ੫੨ ਅੱਖਰਾਂ ਰਾਹੀਂ ਗੁਰਮਤਿ ਦੇ ਫਲਸਫ਼ੇ ਪ੍ਰਭੂ ਦੀ ਭਗਤੀ ਨੂੰ ਸਮਝਾਇਆ ਗਿਆ ਹੈ।

ਫੁਹੜੇ ਅਤੇ ਸਲੋਕ: ਇਸ ਵਿੱਚ ਜੀਵਨ ਦੇ ਅਸਲ ਮਨੋਰਥ ਅਤੇ ਪ੍ਰਭੂ ਪ੍ਰੇਮ ਬਾਰੇ ਉਪਦੇਸ਼ ਦਿੱਤੇ ਗਏ ਹਨ।

ਵਾਰਾਂ : ਗੁਰੂ ਗ੍ਰੰਥ ਸਾਹਿਬ ਵਿੱਚ ਆਪ ਜੀ ਦੀਆਂ ਛੇ ਵਾਰਾਂ ਦਰਜ ਹਨ।

ਸ੍ਰੀ ਆਦਿ ਗ੍ਰੰਥ ਦੀ ਸੰਪਾਦਨਾ: ੧੬੦੪ ਈ: ਵਿੱਚ ਆਪ ਜੀ ਨੇ ਸ੍ਰੀ ਆਦਿ ਗ੍ਰੰਥ ਦੀ ਸੰਪਾਦਨਾ ਕੀਤੀ, ਜਿਸ ਵਿੱਚ ਆਪਣੀ ਬਾਣੀ ਦੇ ਨਾਲ-ਨਾਲ ਪਹਿਲੇ ਚਾਰ ਗੁਰੂ ਸਾਹਿਬਾਨ, ਹਿੰਦੂ-ਮੁਸਲਮਾਨ ਭਗਤਾਂ ਅਤੇ ਸੂਫੀ ਸੰਤਾਂ ਦੀ ਬਾਣੀ ਨੂੰ ਇੱਕ ਥਾਂ ਇਕੱਤਰ ਕੀਤਾ।ਕੁੱਲ ਮਿਲਾ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਭ ਤੋਂ ਵੱਧ ਬਾਣੀ ਗੁਰੂ ਅਰਜਨ ਦੇਵ ਜੀ ਦੀ ਹੀ ਦਰਜ ਹੈ।

## ਸ਼ਹਿਦੀ ਗੁਰੂ ਅਰਜਨ ਦੇਵ ਜੀ



ਲਾਲ ਲੋਹ ਉਤੇ ਪਿਆ ਨੂਰ ਦਿਸਦਾ।
ਭਠ ਅੱਗ ਦਾ ਮੂਸੈ ਵਾਲਾ ਤੂਰ ਦਿਸਦਾ।
ਤਤਾ ਜੇਠ ਦਾ ਮਹਿਨਾ।
ਸਾੜੇ ਸਭ ਦਾ ਸੀਨਾ।
ਸਾਰਾ ਜਗ ਮਾਨੋ ਭਖਦਾ ਤਦੂਰ ਦਿਸਦਾ ਲਾਲ।
ਚੰਦੂ ਚੰਦਰੇ ਕਸਾਈ ਲੋਹ ਭਠ ਤੇ
ਤਪਾਈ।।
ਉਤੇ ਪੈਂਦੀ ਤਤੀ ਰੇਤ, ਵੇਖੋ ਰਜ਼ਮਾ ਦੇ ਭੇਤ।
ਮੇਰੇ ਗੁਰੂ ਤਾਈਂ ਚੰਦਨ ਦਾ ਬੂਰ ਦਿਸਦਾ।
ਲਾਲ ਲਹੂ ਵਾਲੇ
ਪਏ,ਏ ਭੜਕਦੇ ਦੁਆਲੇ
ਮੇਰੇ ਗੁਰੂ ਤਾਈਂ ਚੰਦਨ ਦਾ ਬੂਰ ਦਿਸਦਾ।
ਲਾਲ ਲਾਂਬੂ ਵਾਲੇ। ਪਏ,ਏ ਭੜਕਦੇ ਦੁਆਲੇ।
ਮੇਰੇ ਮਾਹੀ ਨੂੰ ਅਲਤਾਫ ਸੰਧੂਰ ਦਿਸਦਾ।
ਨਾਲ ਦੇਖ ਖਾਵਦੀ ਉਬਾਲੇ।
ਪੈਣ ਪਿੰਡੇ ਉੱਤੇ ਛਾਲੇ ਅਣਖੀ ਗੁਰੂ ਨੂੰ ਇਹ ਮੌਲਾਦਾ ਅੰਗੂਰ ਦਿਸਦਾ।
ਮਾਤਾ ਭਾਨੀ ਜੀ ਦਾ ਲਾਲ ਬੈਠਾ ਰਿੜ੍ਹਦੇ ਨਾਲ।
ਉਹਦੇ ਨੈਣਾਂ ਵਿਚ ਸ਼ਾਂਤੀ ਦਾ ਸਰੂਰ ਦਿਸਦਾ।
ਲਾਲ ਲੋਹ ਉਤੇ ਅਜ ਪਿਆ
ਨੂਰ ਦਿਸਦਾ।
ਸਾੜੇ ਸਭ ਦਾ ਸਾੜੇ ਸੀਨਾ।


ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ


## ਸ਼ੀਸ਼ਾ ਸਵਾਲ ਕਰਦਾ ਹੈ



ਦੁਹਾਈ ਓ ਮੇਰੇ ਅੱਲ੍ਹਾ ਦੀ ਦੁਹਾਈ,
ਮੈਨੂੰ ਇਹ ਗੱਲ ਸਮਝ ਨਾ ਆਵੇ।

ਸ਼ਹਿਰ ਲਾਹੌਰੋਂ,
ਬਰਫ਼ ਦੇ ਘਰ ਕਸ਼ਮੀਰ 'ਚ ਜਾ ਕੇ ਵੀ,
ਅੱਗ ਮੇਰੇ ਨਾਲ ਨਾਲ ਤੁਰੀ ਆਈ।
ਹਿੱਕ 'ਚ ਬਲਦੀ ਹੈ,
ਉਦੋਂ ਦੀ ਚਵਾਤੀ ਲਾਈ।
ਏਨੀਆਂ ਸਦੀਆਂ ਬਾਅਦ,
ਪੁਸ਼ਤ ਦਰ ਪੁਸ਼ਤ,
ਇਹੀ ਅੱਗ ਮੇਰਾ ਅੱਜ ਵੀ ਪਿੱਛਾ ਕਰਦੀ।
ਜਬਰ ਜ਼ੁਲਮ ਤੋਂ ਭੋਰਾ ਵੀ ਨਾ ਡਰਦੀ।
ਭਾਣਾ ਮਿੱਠਾ ਕਰ ਮੰਨਦੀ,
ਸਵਾਸ ਸਵਾਸ ਹਰ ਹਰ ਕਰਦੀ,
ਇਹੀ ਆਖਦੀ ਹੈ,
ਜਹਾਂਗੀਰ! ਸੱਤਾ ਨਾਲ ਬਗਲਗੀਰ! ਭੁੱਲੀਂ ਨਾ।
ਬਾਦਸ਼ਾਹਾਂ ਦੀ ਬਦੀ ਚੂਸਦੀ ਹੈ ਰੱਤ,
ਪਰ,
ਪਾਤਿਸ਼ਾਹ ਸਾਂਭਦੇ ਨੇ ਅਣਖ਼ੀਲੀ ਪੱਤ।

ਵਕਤ! ਮੈਨੂੰ ਮੁਆਫ਼ ਕਰੀਂ,
ਮੈਂ ਤੱਤੀ ਤਵੀ, ਬਲ਼ਦੀ ਰੇਤ,
ਤੇ ਵਗਦੀ ਰਾਵੀ 'ਚ,
ਹਰ ਰੋਜ਼ ਤਪਦਾ, ਸੜਦਾ ਤੇ ਡੁੱਬਦਾ ਹਾਂ।
ਕਿਲ੍ਹੇ 'ਚੋਂ ਹਰ ਰੋਜ਼ ਨਿਕਲਦਿਆਂ,
ਸ਼ੀਸ਼ਾ ਮੈਨੂੰ ਅਨੇਕਾਂ ਸੁਆਲ ਕਰਦਾ ਹੈ।
ਹਾਲੋਂ ਬੇਹਾਲ ਕਰਦਾ ਹੈ,
ਸਾਰਾ ਦਿਨ ਪਿੱਛਾ ਨਹੀਂ ਛੱਡਦਾ।
ਬੇਹੱਦ ਨਿਢਾਲ ਕਰਦਾ ਹੈ।

ਲਾਹੌਰ ਸ਼ਹਿਰ 'ਚ,
ਸ਼ਾਹੀ ਕਿਲ੍ਹੇ ਸਾਹਮਣੇ,
ਗੁਰੂਦੁਆਰਾ ਡੇਰਾ ਸਾਹਿਬ ਵਿੱਚ,
ਵੱਡਾ ਸਾਰਾ,
ਅੰਬਰ ਜੇਡਾ ਸ਼ੀਸ਼ਾ ਲੱਗਾ ਹੈ।
ਜਿਸ 'ਚ ਜਹਾਂਗੀਰ ਹਰ ਰੋਜ਼,
ਆਪਣਾ ਚਿਹਰਾ ਨਿਹਾਰਦਾ।
ਖ਼ੁਦ ਨੂੰ ਫਿਟਕਾਰਦਾ,
ਕੁਝ ਏਦਾਂ ਮੂੰਹੋਂ ਉਚਾਰਦਾ ਹੈ।

ਜਿਸ ਸ਼ਬਦ ਨੂੰ,
ਮੈਂ ਤੱਤੀ ਤਵੀ ਤੇ ਬਿਠਾਇਆ।
ਹਰ ਜ਼ੁਲਮ ਕਮਾਇਆ।
ਉਹ ਅੱਜ ਵੀ ਸਹਿਜਮਤੇ ਠੰਢ ਵਰਤਾਵੇ।

ਸਵਾਲ ਦਰ ਸਵਾਲ ਕਰਦਾ ਸ਼ੀਸ਼ਾ,
ਬੇਜਿਸਮ ਹੈ,
ਮੈਥੋਂ ਟੁੱਟਦਾ ਨਹੀਂ।
ਨਿਰਾਕਾਰ ਹੈ,
ਭੋਰਾ ਵੀ ਫੁੱਟਦਾ ਨਹੀਂ।
ਇਹ ਸ਼ੀਸ਼ਾ ਮੈਨੂੰ ਸੌਣ ਨਹੀਂ ਦਿੰਦਾ


ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ


## ਗ਼ਜ਼ਲ ਮੰਚ ਸਰੀ ਵੱਲੋਂ ਪ੍ਰੀਤ ਮਨਪ੍ਰੀਤ ਦਾ ਗ਼ਜ਼ਲ ਸੰਗ੍ਰਹਿ 'ਧੁੱਪ ਛਾਂ ਦਾ ਅਨੁਪਾਤ' ਲੋਕ ਅਰਪਣ


ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ





ਸਰੀ, 18 ਜੂਨ : ਗ਼ਜ਼ਲ ਮੰਚ ਸਰੀ ਵੱਲੋਂ ਨੌਜਵਾਨ ਸ਼ਾਇਰ ਪ੍ਰੀਤ ਮਨਪ੍ਰੀਤ ਦੇ ਨਵ-ਪ੍ਰਕਾਸ਼ਿਤ ਗ਼ਜ਼ਲ ਸੰਗ੍ਰਹਿ 'ਧੁੱਪ ਛਾਂ ਦਾ ਅਨੁਪਾਤ' ਦੇ ਲੋਕ ਅਰਪਣ ਲਈ ਬੀਤੇ ਦਿਨੀਂ ਗਿਲਫੋਰਡ ਲਾਇਬ੍ਰੇਰੀ, ਸਰੀ ਵਿਖੇ ਇਕ ਯਾਦਗਾਰੀ ਸਾਹਿਤਕ ਸਮਾਗਮ ਕਰਵਾਇਆ ਗਿਆ। ਇਸ ਵਿਚ ਸ਼ਹਿਰ ਦੀਆਂ ਪ੍ਰਮੁੱਖ ਸਾਹਿਤਕ ਸ਼ਖ਼ਸੀਅਤਾਂ, ਕਵੀਆਂ, ਲੇਖਕਾਂ ਅਤੇ ਸਾਹਿਤ-ਪ੍ਰੇਮੀਆਂ ਨੇ ਸ਼ਮੂਲੀਅਤ ਕੀਤੀ। ਸਮਾਗਮ ਦੀ ਪ੍ਰਧਾਨਗੀ ਗ਼ਜ਼ਲ ਮੰਚ ਸਰੀ ਦੇ ਪ੍ਰਧਾਨ ਜਸਵਿੰਦਰ, ਪੰਜਾਬ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਪ੍ਰਸਿੱਧ ਸਾਹਿਤਕਾਰ ਅਤੇ ਪੱਤਰਕਾਰ ਸੁਸ਼ੀਲ ਦੁਸਾਂਝ, ਪ੍ਰਸਿੱਧ ਸ਼ਾਇਰ ਨਿਰੰਜਨ ਸੂਖਮ, ਪ੍ਰਭਜੋਤ ਸੋਹੀ ਅਤੇ ਪੁਸਤਕ ਦੇ ਰਚਨਾਕਾਰ ਪ੍ਰੀਤ ਮਨਪ੍ਰੀਤ ਨੇ ਸਾਂਝੇ ਤੌਰ 'ਤੇ ਕੀਤੀ।

ਸਮਾਗਮ ਦਾ ਆਗਾਜ਼ ਗ਼ਜ਼ਲ ਮੰਚ ਦੇ ਸਕੱਤਰ ਦਵਿੰਦਰ ਗੌਤਮ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ। ਇਸ ਤੋਂ ਬਾਅਦ ਡਾ. ਰਣਦੀਪ ਮਲਹੋਤਰਾ ਨੇ ਪ੍ਰੀਤ ਮਨਪ੍ਰੀਤ ਦੀਆਂ ਗ਼ਜ਼ਲ ਨੂੰ ਆਪਣੇ ਸੁਰੀਲੇ ਸੁਰਾਂ ਨਾਲ ਪੇਸ਼ ਕਰਕੇ ਮਾਹੌਲ ਨੂੰ ਕਾਵਿਕ ਰੰਗਾਂ ਨਾਲ ਭਰ ਦਿੱਤਾ। ਪੁਸਤਕ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਰਾਜਵੰਤ ਰਾਜ ਨੇ ਪ੍ਰੀਤ ਮਨਪ੍ਰੀਤ ਦੇ ਸ਼ਿਅਰਾਂ ਦੀਆਂ ਉਦਾਹਰਣਾਂ ਦੇ ਕੇ ਉਸ ਦੀ ਸ਼ਾਇਰੀ ਦੀ ਵਿਲੱਖਣਤਾ, ਗਹਿਰਾਈ ਅਤੇ ਬਹੁ-ਰੰਗੀ ਸੰਵੇਦਨਾ ਨੂੰ ਰੌਸ਼ਨ ਕੀਤਾ। ਉਨ੍ਹਾਂ ਕਿਹਾ ਕਿ 'ਧੁੱਪ ਛਾਂ ਦਾ ਅਨੁਪਾਤ' ਦਰਅਸਲ ਜੀਵਨ ਦੇ ਸੁਖ-ਦੁੱਖ, ਹਾਸੇ-ਰੋਣੇ ਅਤੇ ਆਸ-ਨਿਰਾਸ਼ਾ ਵਰਗੀਆਂ ਵਿਰੋਧੀ ਹਾਲਤਾਂ ਦੇ ਨਾਜ਼ੁਕ ਸੰਤੁਲਨ ਦੀ ਕਾਵਿਕ ਪੜਚੋਲ ਹੈ। ਮਨਪ੍ਰੀਤ ਦੀ ਸ਼ਾਇਰੀ ਵਿੱਚ ਕਦੇ ਉਦਾਸੀ ਦੀ ਧੁੰਦ ਹੈ, ਕਦੇ ਖ਼ੁਸ਼ੀ ਦੀ ਚਮਕ, ਕਦੇ ਅੰਬਰ ਤੋਂ ਧਰਤੀ ਵੱਲ ਤੱਕਣ ਦਾ ਵਿਸ਼ਾਲ ਦ੍ਰਿਸ਼ਟੀਕੋਣ ਅਤੇ ਕਦੇ ਆਲੇ-ਦੁਆਲੇ ਦੇ ਸਮਾਜਕ ਦਰਦ ਦੀ ਗਹਿਰੀ ਪੇਸ਼ਕਾਰੀ। ਇਹ ਸ਼ਾਇਰੀ ਸਰਲ ਭਾਸ਼ਾ ਵਿੱਚ ਡੂੰਘੇ ਅਰਥਾਂ ਨੂੰ ਪ੍ਰਗਟ ਕਰਨ ਦੀ ਸਮਰੱਥਾ ਰੱਖਦੀ ਹੈ।

ਇੰਦਰਜੀਤ ਧਾਮੀ ਨੇ ਆਪਣੇ ਵਿਸ਼ਲੇਸ਼ਣਾਤਮਕ ਪਰਚੇ ਵਿੱਚ ਰਚਨਾ ਦੇ ਨਾਲ-ਨਾਲ ਪ੍ਰੀਤ ਮਨਪ੍ਰੀਤ ਦੀ ਸ਼ਖ਼ਸੀਅਤ ਨੂੰ ਵੀ ਬਹੁਤ ਹੀ ਕਾਵਿਕ ਅਤੇ ਪ੍ਰਭਾਵਸ਼ਾਲੀ ਭਾਸ਼ਾ ਵਿੱਚ ਪੇਸ਼ ਕੀਤਾ। ਉਨ੍ਹਾਂ ਨੇ ਕਵੀ ਦੀ ਸੰਵੇਦਨਸ਼ੀਲ ਸੋਚ ਅਤੇ ਮਨੁੱਖੀ ਸਰੋਕਾਰਾਂ ਨਾਲ ਉਸ ਦੀ ਗਹਿਰੀ ਸਾਂਝ ਦੀ ਚਰਚਾ ਕੀਤੀ। ਮਾਨਵੀ ਸੰਵੇਦਨਾਵਾਂ ਦੀ ਗੱਲ ਕਰਦਿਆਂ ਕਮਲਜੀਤ ਕੌਰ ਨੇ ਆਪਣੇ ਪਰਚੇ ਵਿੱਚ ਵਿਸ਼ੇਸ਼ ਤੌਰ 'ਤੇ ਰੇਖਾਂਕਿਤ ਕੀਤਾ ਕਿ ਮਨਪ੍ਰੀਤ ਦੀ ਸ਼ਾਇਰੀ ਅਜੋਕੇ ਦੌਰ ਦੇ ਮਨੁੱਖ ਦੇ ਅੰਦਰੂਨੀ ਦਵੰਦ ਅਤੇ ਰਿਸ਼ਤਿਆਂ ਦੀ ਟੁੱਟ-ਭੱਜ ਨੂੰ ਬਹੁਤ ਬਾਰੀਕੀ ਨਾਲ ਬਿਆਨ ਕਰਦੀ ਹੈ।

ਪੰਜਾਬ ਤੋਂ ਆਏ ਵਿਸ਼ੇਸ਼ ਮਹਿਮਾਨ ਸੁਸ਼ੀਲ ਦੁਸਾਂਝ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪ੍ਰੀਤ ਮਨਪ੍ਰੀਤ ਇੱਕ ਬਹੁਤ ਹੀ ਸੁਚੇਤ ਅਤੇ ਜਾਗਰੂਕ ਸ਼ਾਇਰ ਹੈ। ਭਾਵੇਂ ਉਸ ਦੀ ਸ਼ਾਇਰੀ ਵਿੱਚ ਸਿੱਧੇ ਰਾਜਨੀਤਕ ਨਾਅਰੇ ਨਹੀਂ ਮਿਲਦੇ, ਪਰ ਉਹ ਸਮਾਜਿਕ ਅਤੇ ਰਾਜਨੀਤਕ ਵਰਤਾਰਿਆਂ ਦੀ ਬਾਰੀਕੀ ਨਾਲ ਪੜਤਾਲ ਕਰਦਿਆਂ ਸਮੇਂ ਦੇ ਰੋਗ ਦੀ ਪਛਾਣ ਕਰਦੀ ਹੈ। ਉਨ੍ਹਾਂ ਕਿਹਾ ਕਿ ਮਨਪ੍ਰੀਤ ਦੀ ਕਵਿਤਾ ਬਹੁ-ਅਰਥੀ ਸੰਭਾਵਨਾਵਾਂ ਨਾਲ ਭਰਪੂਰ ਹੈ ਅਤੇ ਇਹੀ ਕਿਸੇ ਵੀ ਸਫ਼ਲ ਸ਼ਾਇਰੀ ਦੀ ਅਸਲ ਪਹਿਚਾਣ ਹੁੰਦੀ ਹੈ।

ਇਸ ਮੌਕੇ ਪ੍ਰਧਾਨਗੀ ਮੰਡਲ, ਗ਼ਜ਼ਲ ਮੰਚ ਦੇ ਮੈਂਬਰਾਂ ਅਤੇ ਹਾਜ਼ਰ ਸਾਹਿਤ-ਪ੍ਰੇਮੀਆਂ ਵੱਲੋਂ 'ਧੁੱਪ ਛਾਂ ਦਾ ਅਨੁਪਾਤ' ਦੇ ਲੋਕ ਅਰਪਣ ਦੀ ਰਸਮ ਅਦਾ ਕੀਤੀ ਗਈ। ਪੁਸਤਕ ਅਤੇ ਕਵੀ ਦੀ ਸ਼ਖ਼ਸੀਅਤ ਬਾਰੇ ਦਵਿੰਦਰ ਗੌਤਮ, ਪ੍ਰਭਜੋਤ ਸੋਹੀ, ਸੁਖਜੀਤ ਹੁੰਦਲ, ਹਰਦਮ ਮਾਨ, ਬਲਬੀਰ ਕੌਰ ਢਿੱਲੋਂ, ਜਰਨੈਲ ਸਿੰਘ ਸੇਖਾ, ਮੋਹਨ ਗਿੱਲ, ਅੰਗਰੇਜ਼ ਬਰਾੜ, ਬਲਤੇਜ ਬਰਾੜ, ਨਰਿੰਦਰ ਬਾਈਆ, ਪਾਲ ਢਿੱਲੋਂ, ਕ੍ਰਿਸ਼ਨ ਬੈਕਟਰ, ਭੁਪਿੰਦਰ ਮੱਲ੍ਹੀ, ਨਿਰੰਜਨ ਸੂਖਮ ਅਤੇ ਅੰਸ਼ੁਕਰ ਮਹੇਸ਼ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪੁਸਤਕ ਨੂੰ ਸਮਕਾਲੀ ਪੰਜਾਬੀ ਗ਼ਜ਼ਲ ਦੀ ਇੱਕ ਮਹੱਤਵਪੂਰਨ ਪ੍ਰਾਪਤੀ ਕਰਾਰ ਦਿੱਤਾ। ਸਮੁੱਚੇ ਸਮਾਗਮ ਦਾ ਸੰਚਾਲਨ ਦਵਿੰਦਰ ਗੌਤਮ ਨੇ ਬੇਹੱਦ ਸੁਚੱਜੇ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ।